ਸੈਂਡਵੈਲ ਹੋਮਜ਼

Greenford House
Maria Street
West Bromwich
B70 6DX

ਫ਼ੋਨ: 0121 500 5500
ਫ਼ੈਕਸ: 0121 525 5928
ਈਮੇਲ:
bev_abberley@sandwellhomes.org.uk

ਯਾਦ ਰਖੋ.....

ਇੱਕ ਮਹੀਨੇ 'ਚ ਆਪਣੇ ਪੈਂਡਨਟ ਨੂੰ ਦਬਾਉਣ ਰਾਹੀਂ ਆਪਣੇ ਅਲਾਰੱਮ ਦੀ ਜਾਂਚ ਕਰੋ।

ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ!
ਸੇਵਾ 'ਚ ਸੁਧਾਰ ਕਿਥੇ ਕੀਤਾ ਜਾ ਸਕਦਾ ਹੈ ਇਸ ਬਾਰੇ ਸੈਂਡਵੈੱਲ ਹੋਮਜ਼ ਨੂੰ ਤੁਹਾਡੇ ਵਿਚਾਰਾਂ ਦੀ ਲੋੜ ਹੈ। ਜੇਕਰ ਸਾਡੇ ਰਾਹੀਂ ਤੁਹਾਨੂੰ ਤਕਲੀਫ਼ ਹੋਈ ਹੈ, ਤਾਂ ਆਪਣੇ ਪੈਨਡਨਟ ਨੂੰ ਦਬਾਓ ਜਾਂ ਆਪਣੇ ਵੱਰਡਨ ਨੂੰ ਦਸੋ ਤਾਕਿ ਅਸੀਂ ਇਸ ਵਿਚ ਸੁਧਾਰ ਕਰ ਸਕੀਏ...

ਜਾਂ

ਬੈਵ ਅਬੈਰਲੀ ਮੈਨੇਜਰ ਕਮਿਊਨਿਟੀ ਅਲਾਰਮਸ ਅਤੇ ਵੱਰਡਨ ਸਰਵਿਸ ਦੇ ਨਾਲ ਇਸ ਨੰਬਰ 'ਤੇ ਰਾਬਤਾ ਕਰੋ
0121 525 4290

ਨੁਕਸ ਦੀ ਮੁਰੰਮਤ ਮੁਫ਼ਤ ਕਰਨ ਵਾਲੀ ਬੀਟੀ ਦੀ ਯੋਜਨਾ

ਬੀਟੀ ਰਾਹੀਂ ਉਨ੍ਹਾਂ ਗਾਹਕਾਂ ਨੂੰ ਨੁਕਸ ਦੀ ਮੁਰੰਮਤ ਮੁਫ਼ਤ ਕਰਨ ਦੀ ਸੇਵਾ ਪ੍ਰਦਾਨ ਕੀਤੀ ਜਾਵੇਗੀ ਜਿਨ੍ਹਾਂ ਦਾ ਜੀਵਨ ਰਖਿਅਕ ਟੈਲੀਫ਼ੋਨ ਲਾਈਨ ਹੈ, ਵਿਸ਼ੇਸ਼ ਤੌਰ 'ਤੇ ਉਹ ਲੋਕ ਕਿ ਜਿਹੜੇ ਲੰਮੇ ਸਮੇਂ ਦੀ ਗੰਭੀਰ ਬੀਮਾਰੀ ਜਾਂ ਅਸਮਰਥਤਾ ਵਾਲੇ ਹਨ।
ਜਿਹੜੇ ਲੋਕੀ ਇਸ ਸੇਵਾ ਦੀ ਯੋਗਤਾ ਵਾਲੇ ਹਨ, ਉਨ੍ਹਾਂ ਲਈ ਬੀਟੀ ਪ੍ਰਾਯੋਰਿਟੀ ਫ਼ੌਲਟ ਰਿਪੇਅਰ ਸਕੀਮ ਰਾਹੀਂ ਤੁਹਾਡੀ ਲਾਈਨ ਨੂੰ ਮੁਫ਼ਤ ਸੁਰਖ਼ਿਅਤ ਕੀਤਾ ਜਾਂਦਾ ਹੈ ਅਤੇ ਕ੍ਰਿਸਮਸ ਡੇ ਸਣੇ, ਸਾਲ ਦੇ ਹਰ ਇਕ ਦਿਨ, ਦਿਨ ਜਾਂ ਰਾਤ, ਜਿੰਨੀ ਵੀ ਛੇਤੀਂ ਹੋ ਸਕੇਗਾ ਕਿਸੇ ਵੀ ਨੁਕਸ ਨਾਲ ਵਿਵਹਾਰ ਕੀਤਾ ਜਾਵੇਗਾ। ਸੈਂਡਵੈੱਲ ਹੋਮ, ਕਮਿਊਨਿਟੀ ਅਲਾਰੱਮਸ ਸਰਵਿਸ ਰਾਹੀਂ ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਜੇਕਰ ਅਲਾਰਮ ਦੀ ਸੇਵਾ ਕਰਨ ਵਾਲੇ ਸਾਰੇ ਹੀ ਪ੍ਰਯੋਗਕਰਤਾ ਦੀ ਟੈਲੀਫ਼ੋਨ ਸੇਵਾ ਦੇ ਪ੍ਰਬੰਧਕਰਤਾ ਬੀਟੀ ਹੈ, ਤਾਂ ਇਸ ਮੁਫ਼ਤ ਸੇਵਾ ਲਈ ਉਨ੍ਹਾਂ ਨੂੰ ਅਰਜੀ ਦੇਣੀ ਚਾਹੀਦੀ ਹੈ।
ਅਰਜੀ ਕਰਨ ਲਈ, ਤੁਹਾਨੂੰ ਬੀਟੀ ਦੇ ਨਾਲ ਸਿਧਾ ਹੀ ਰਾਬਤਾ ਕਰਨਾ ਚਾਹੀਦਾ ਹੈ। ਫ਼੍ਰੀ ਫ਼ੋਨ ਹੈ 0800 800 150 ਅਤੇ **ਫ਼੍ਰੀ ਪ੍ਰਾਯੋਰਿਟੀ ਫ਼ੋਲਟ ਰੀਪੇਅਰ ਸਕੀਮ** ਲਈ ਅਰਜੀ ਪੱਤਰ ਬਾਰੇ ਪੁਛੋ।

ਸ਼ੈਲਟਰਡ ਹਾਊਸਿੰਗ 'ਚ ਅਸਾਮਾਜਿਕ ਬਰਤਾਓ ਨਾਲ ਨਿਜੱਠਣ ਲਈ ਮਾਰਗਦਰਸ਼ਨ

ਸ਼ੈਲਟਰਡ ਹਾਊਸਿੰਗ ਲਈ ਵਿਸ਼ੇਸ਼ ਤੌਰ 'ਤੇ ਇੱਕ ਨਵਾਂ ਦਸਤਾਵੇਜ ਉਪਲਬਧ ਹੈ ਜਿਸ ਵਿਚ ਅਸਾਮਾਜਿਕ ਬਰਤਾਓ 'ਤੇ ਕਾਬੂ ਪਾਉਣ ਲਈ ਲਾਗੂ ਹੁੰਦੀਆਂ ਸਾਡੀਆਂ ਮਹਤਤਾਵਾਂ, ਸਿੱਧ-ਾਂਤਾਂ ਅਤੇ ਨਿਯਮਾਂ ਨੂੰ ਸਥਾਪਿਤ ਕੀਤਾ ਗਿਆ ਹੈ।
ਇਸ ਮਾਰਗਦਰਸ਼ਨ ਲਈ ਕਾਰਣ ਇਹ ਹੈ ਕਿ ਇਕ ਸਾਮਾਜਿਕ ਮਾਲਕ-ਮਕਾਨ ਦੀ ਤੌਰ 'ਤੇ ਸਾਡੇ ਕੋਲ ਐਂਟੀ-ਸੋਸ਼ਲ ਬਿਹੇਵਿਅਰ ਐਕਟ 2003 ਦੇ ਅਧਿਨ ਐਂਟੀ-ਸੋਸ਼ਲ ਬਿਹੇਵਿਅਰ (ਏਅੱਸਬੀ) ਦੇ ਲਾਲ ਨਜਿੱਠਣ ਲਈ ਨੀਤੀਆਂ ਅਤੇ ਕਾਰਵਾਈਆਂ ਹੋਣੀਆਂ ਚਾਹੀਦੀਆਂ ਹਨ।
ਸ਼ੈਲਟਰਡ ਹਾਊਸਿੰਗ ਅੰਦਰ ਏਐੱਸਬੀ ਦਾ ਉਦਾਹਰਣ ਸ਼ੋਰ ਦੀ ਪਰੇਸ਼ਾਨੀ, ਡਰਾਉਣਾ ਅਤੇ ਪਰੇਸ਼ਾਨ ਕਰਨਾ, ਹਿੰਸਾ ਅਤੇ ਇਕੱਠ ਅਤੇ ਉਨ੍ਹਾਂ ਦੀ ਗਿਆਤ ਭਿੰਨਤਾ (ਉਦਾਹਰਣ ਦੀ ਤੌਰ 'ਤੇ ਜਾਤੀ ਅਤੇ ਜਾਤੀ ਸਮੂਹ, ਲਿੰਗ, ਉਂਮਰ, ਧਰਮ, ਲਿੰਗੀ ਭਿੰਨਤਾ, ਮਾਨਸਿਕ ਸਿਹਤ ਜਾਂ ਅਸਰਥਤਾ) ਦੇ ਕਾਰਣ ਸ਼ਨਾਖਤ ਕੀਤੇ ਸਮੂਹ ਦੇ ਮੈਂਬਰਾਂ ਦੇ ਲਕਸ਼ਤ ਨਫ਼ਰਤ ਵਾਲਾ ਵਿ-ਵਹਾਰ ਦੇ ਕਾਰਣ ਹੋ ਸਕਦਾ ਹੈ।
ਹੋਰ ਜ਼ਿਆਦਾ ਜਾਣਕਾਰੀ ਜਾਂ ਦਸਤਾਵੇਜ ਦੀ ਕਾਪੀ ਪ੍ਰਾਪਤ ਕਰਨ ਲਈ, ਆਪਣੇ ਵੱਰਡਨ ਨੂੰ ਪੁੱਛੋ ਜਾਂ ਟੈਲੀਫ਼ੋਨ ਨੰਬਰ 0121 525 4290 'ਤੇ ਫ਼ੋਨ ਕਰੋ।

ਅਲਾਰਮ ਦੇ ਸਾਧਨ 'ਚ ਨੁਕਸ:
ਸੈਂਡਵੈੱਲ ਕਮਿਊਨਿਟੀ ਅਲਾਰਮਸ ਰਾਹੀਂ ਨੁਕਸ ਦੀ ਸੂਚਨਾ ਦਿੱਤੇ ਸਮੇਂ ਤੋਂ 24 ਘੰਟੇ ਦੇ ਅੰਦਰ ਇੰਜਿਨੀਅਰ ਦਾ ਪ੍ਰਬੰਧ ਕਰਨ ਦਾ ਵਚਨ ਦਿੱਤਾ ਜਾਂਦਾ ਹੈ।

ਸਮਾਚਾਰਪੱਤਰ
ਪਤਝੜ/ਸਿਆਲ
2006/07

ਸੈਂਡਵੈਲ ਕਮਿਊਨਿਟੀ ਅਲਾੱਰਮਸ ਅਤੇ ਵੱਾਰਡਨ ਸਰਵਿਸ



ਸੈਂਡਵੈਲ ਕਮਿਊਨਿਟੀ ਅਲਾੱਰਮਸ ਅਤੇ ਵੱਾਰਡਨ ਸਰਵਿਸ ਦੇ ਵਿਕਾਸ ਦੀ ਖ਼ੁਸ਼ੀ 'ਚ ਇੱਕ ਨਵੀਂ ਡੀਵੀਡੀ ਦੀ ਭੇਟਾ

ਸੈਂਡਵੈਲ 'ਚ ਰਹਿਣ ਵਾਲੇ ਅਤੇ ਸਮੀਖਿਆ ਯੋਗ ਹਰ ਇਕ ਵਿਅਕਤੀ ਲਈ ਉਪਲਬਧ ਸੇਵਾ ਪ੍ਰਦਾਨ ਕਰਨ ਦੀ ਸਾਡੀ ਲਗਾਤਾਰ ਵਚਨਬੱਧਤਾ ਦੇ ਹਿੱਸੇ ਦੀ ਤੌਰ 'ਤੇ, ਇੱਕ ਡੀਵੀਡੀ ਤਿਆਰ ਕੀਤੀ ਗਈ ਹੈ ਅਤੇ ਇਹ ਸੰਕੇਤਕ ਜਬਾਨ ਸਣੇ ਵਖਰੀਆਂ ਜਬਾਨਾਂ 'ਚ ਪੇਸ਼ ਕੀਤੀ ਗਈ ਹੈ। ਸਾਡੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੇ ਨਾਲ ਗਲਬਾਤ ਕਰਨ ਅਤੇ ਉਪਲਬਧ ਸੇਵਾਵਾਂ 'ਚ ਅਸੀਂ ਵਾਧਾ ਕਿਵੇਂ ਕਰ ਸਕਦੇ ਹਨ ਇਸ ਬਾਰੇ ਪੁੱਛਣ ਤੋਂ, ਸਾਨੂੰ ਇਹ ਮਹੱਤਵਪੂਰਣ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਸਾਨੂੰ ਵਖਰੀਆਂ ਜਬਾਨਾਂ ਦੀ ਵਰਤੋਂ ਕਰਨ ਰਾਹੀਂ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੈ। ਇਸ ਤੋਂ ਅਤਿਰਿਕਤ ਸਾਡੀ ਯੋਗਤਾ ਸੁਣਨ ਦੀ ਸਮੱਸਿਆ ਵਾਲੇ ਲੋਕਾਂ ਨੂੰ ਵੀ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋਣੀ ਚਾਹੀਦੀ ਹੈ ਇਸ ਲਈ ਬ੍ਰਿਟਿਸ਼ ਸਾਈਨਰ ਦੀ ਮਦਦ ਰਾਹੀਂ ਅਸੀਂ ਪੂਰੀ ਡੀਵੀਡੀ 'ਚ ਇਸ ਜਾਣਕਾਰੀ ਨੂੰ ਪੇਸ਼ ਕੀਤਾ ਹੈ। ਡੀਵੀਡੀ 'ਚ ਇਹ ਸਮਝਾਇਆ ਗਿਆ ਹੈ ਕਿ ਕਮਿਊਨਿਟੀ ਅਲਾੱਰਮਸ ਰਾਹੀਂ ਸੇਵਾ ਦੀ ਵਰਤੋਂ ਕਰਨ ਵਾਲਿਆਂ ਰਾਹੀਂ ਕੰਟ੍ਰੋਲ ਸੈਂਟਰ 'ਚ ਕਾੱਲ ਕਿਵੇਂ ਪ੍ਰਾਪਤ ਕੀਤੇ ਜਾਂਦੇ ਹਨ, ਪ੍ਰਦਾਨ ਕੀਤੀ ਜਾਂਦੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਹੈ, ਅਤੇ ਬਿਨਾਂ ਸੱਟ ਲਗੇ ਫ਼ਰਸ਼ ਤੋਂ ਚੀਜ਼ ਨੂੰ ਕਿਵੇਂ ਚੁਕਿਆ ਜਾਵੇ ਇਸ ਬਾਰੇ ਸਮਝਾਉਣ ਲਈ ਇੱਕ ਕਰਮਚਾਰੀ ਰਾਹੀਂ ਫ਼ਰਸ਼ ਤੋਂ ਗੱਦੀ ਨੂੰ ਚੁਕਣ ਦਾ ਮੁਜ਼ਾਹਰਾ ਕੀਤਾ ਗਿਆ ਹੈ। ਸੈਲਟਰਡ ਅਤੇ ਸਪੋਰਟਿਡ ਹਾਊਸਿੰਗ 'ਚ ਰਹਿੰਦੇ ਨਿਵਾਸੀਆਂ ਲਈ ਉਪਲਬਧ ਵੱਾਰਡਨ ਸਰਵਿਸ ਅਤੇ ਇਸ ਲਈ ਨਿਵੇਦਨ ਕਿਵੇਂ ਕਰਨਾ ਇਸ ਬਾਰੇ ਸਮਝਾਇਆ ਗਿਆ ਹੈ। ਸ਼ਾਮਿਲ ਉਪਲਬਧ ਜਬਾਨਾਂ ਇਸ ਪ੍ਰਕਾਰ ਹਨ: ਅਰੈਬਿਕ, ਬੰਗਾਲੀ, ਕਰਦਿਸ਼ ਸੌਰਾਨੀ, ਕਰਦਿਸ਼ ਕੁਰਮਾਨਜੀ, ਪੰਜਾਬੀ, ਸੋਮਾਲੀ ਅਤੇ ਉਰਦੂ। ਹੋਰ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਲਈ ਜਾਂ ਤੁਸੀਂ ਕਿਸੇ ਇਹੋ ਜਿਹੇ ਸਹਾਇਤਾ ਕਰਨ ਵਾਲੇ ਜੁੱਟ ਨੂੰ ਜਾਣਦੇ ਹੋ ਕਿ ਜਿਸ ਨੂੰ ਡੀਵੀਡੀ ਦੀ ਕਾਪੀ ਚਾਹੀਦੀ ਹੈ, ਤਾਂ ਕ੍ਰਿਪਾ ਕਰਕੇ ਸਾਡੇ ਨਾਲ ਟੈਲੀਫ਼ੋਨ ਨੰਬਰ 0121 525 4290 'ਤੇ ਰਾਬਤਾ ਕਰੋ।

ਜੇਕਰ ਤੁਹਾਡੇ ਕੋਲ ਡੀਵੀਡੀ ਦੀ ਸੁਵਿਧਾ ਨਹੀਂ ਹੈ, ਤਾਂ ਅਸੀਂ ਤੁਹਾਨੂੰ ਡੀਵੀਡੀ ਚਲਾਉਣ ਵਾਲਾ ਸਾਧਨ ਪ੍ਰਦਾਨ ਕਰ ਸਕਦੇ ਹਾਂ।

ਸੈਂਡਵੈਲ ਹੋਮਜ਼ ਮਿੱਸ਼ਨ ਦਾ ਬਿਆਨ

ਵਚਨਬੱਧ ਹੋਣ ਅਤੇ ਪ੍ਰੇਰਣਾ ਦੇਣ ਵਾਲੇ ਕਾਰਜਕਰਤਾ ਰਾਹੀਂ ਹੰਮੇਸ਼ਾਂ ਰਹਿਣ ਵਾਲੇ ਘਰ ਅਤੇ ਉੱਤਮ ਗਾਹਕ ਸੇਵਾ ਪ੍ਰਦਾਨ ਕਰਨ ਰਾਹੀਂ, ਘਰ ਸੰਬੰਧੀ ਸਾਮਾਜਿਕ ਪ੍ਰਬੰਧਕਰਤਾ ਸੰਬੰਧੀ ਬੈਸਟ ਪ੍ਰੈਕਟਿਸ ਦੀ ਤੌਰ 'ਤੇ ਰਾਸ਼ਟ੍ਰੀ ਮਾਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਮਿਊਨਿਟੀ ਅਲਾਰਮਸ ਅਤੇ ਵੱਾਰਡਨ ਸਰਵਿਸ ਲਈ ਸਾਡੀ ਭਵਿਖੀ ਯੋਜਨਾ

ਗੁਪਤਤਾ, ਸਤਕਾਰ, ਸੁਰੱਖਿਆ ਅਤੇ ਆਪਣੇ ਘਰ 'ਚ ਜਿੰਨੀ ਦੇਰ ਤੱਕ ਉਹ ਰਹਿਣਾ ਚਾਹੁਣ ਤਦ ਤਕ ਰਹਿਣ ਦੀ ਸੰਤੁਸ਼ਟਾ ਦੇ ਨਾਲ, ਬਜ਼ੁਰਗ ਲੋਕਾਂ ਨੂੰ ਸੁਤੰਤਰ ਰਹਿਣ ਦੇ ਯੋਗ ਇੱਕ ਸਮਾਨ ਸੈਲਟਰਡ ਹਾਊਸਿੰਗ ਅਤੇ ਕਮਿਊਨਿਟੀ ਅਲਾਰੱਮਸ ਸਰਵਿਸ ਪ੍ਰਦਾਨ ਕਰਨਾ।

ਕਾਲੇ ਅਤੇ ਘੱਟ ਗਿਣਤੀ ਵਾਲੇ ਜਾਤੀ ਸਮੂਹਾਂ ਰਾਹੀਂ ਸੇਵਾ ਸੰਬੰਧੀ ਪ੍ਰਾਪਤ ਹੋਏ ਵਿਚਾਰ

ਕਮਿਊਨਿਟੀ ਕੇਅਰ ਐਕਸ਼ਨ ਪਲਾਨ ਦੇ ਹਿੱਸੇ ਦੀ ਤੌਰ 'ਤੇ, ਅਸੀਂ ਹੁਣੇ ਹੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਦਾ ਸਰਵੇ ਇਹ ਜਾਣਕਾਰੀ ਪ੍ਰਾਪਤ ਕਰਨ ਲਈ ਕੀਤਾ ਹੈ ਕਿ ਅਸੀਂ ਕਾਲੇ ਅਤੇ ਬਲੈਕ ਅਤੇ ਮਾਇਨੋਰਿਟੀ ਐਥਨਿਕ (ਬੀਐੱਮਈ) ਸਮੂਹਾਂ ਨੂੰ ਕਮਿਊਨਿਟੀ ਅਲਾਰਮਸ ਅਤੇ ਵਾੱਰਡਨ ਸਰਵਿਸ ਦੀ ਪ੍ਰਾਪਤੀ ਕਰਨ ਲਈ ਕਿਵੇਂ ਉਤਸਾਹਿਤ ਕੀਤਾ ਜਾਵੇ।

ਬੀਐੱਮਈ ਸਮੂਹਾਂ ਦੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ 194 ਸਵਾਲਨਾਮੇ ਭੇਜੇ ਗਏ ਸੀ। ਸੇਵਾ ਦੀ ਵਰਤੋਂ ਕਰਨ ਵਾਲੇ ਹਰ ਇਕ ਵਿਅਕਤੀ ਨੂੰ ਉਨ੍ਹਾਂ ਦੀ ਆਪਣੀ ਜਬਾਨ ਦੇ ਨਾਲ ਅੰਗ੍ਰੇਜ਼ੀ 'ਚ ਸਵਾਲਨਾਮੇ ਭੇਜੇ ਗਏ ਸੀ। ਇਨ੍ਹਾਂ ਵਿਚੋਂ ਕੁਲ 26 ਵਾਪਸ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ 16 ਦੋਨੋਂ ਹੀ ਸੇਵਾ ਪ੍ਰਾਪਤ ਕਰਦੇ ਹਨ ਅਤੇ ਇਸ ਦੇ ਨਾਲ ਹੀ ਸਿਰਫ਼ 10 ਕਮਿਊਨਿਟੀ ਅਲਾਰਮ ਵਰਤੋਂ ਕਰਨ ਵਾਲੇ ਸੀ। ਛਾਣ-ਬੀਣ ਕਰਨ ਤੋਂ ਪਤਾ ਚਲਿਆ ਹੈ ਕਿ ਘੱਟ ਪ੍ਰਾਪਤੀ ਦਾ ਕਾਰਣ ਜਬਾਨ ਹੈ ਅਤੇ ਕੁੱਝ ਲੋਕਾਂ ਨੂੰ ਸੇਵਾ ਦੀ ਉਪਲਬਧਤਾ ਬਾਰੇ ਜਾਣਕਾਰੀ ਨਹੀਂ ਸੀ, ਪਰ ਜਦੋਂ ਪੁੱਛਿਆ ਗਿਆ ਕਿ ਸੇਵਾ ਦੇ ਕਿਸੇ ਵੀ ਹਿੱਸੇ ਤੋਂ ਉਨ੍ਹਾਂ ਨੂੰ ਅਸੁਵਿਧਾ ਮਹਿਸੂਸ ਹੋਈ, ਤਾਂ 84% ਦਾ ਇਹ ਮੰਨਦਾ ਸੀ ਕਿ ਸੇਵਾ ਦਾ ਕੋਈ ਵੀ ਇਹੋ ਜਿਹਾ ਹਿੱਸਾ ਨਹੀਂ ਸੀ ਕਿ ਜਿਸ ਦੇ ਕਾਰਣ ਉਨ੍ਹਾਂ ਨੂੰ ਸੇਵਾ ਪ੍ਰਾਪਤ ਕਰਨ ਤੋਂ ਇਨਕਾਰ ਕਰਨਾ ਪਿਆ। ਜਦੋਂ ਅਸੀਂ ਉਨ੍ਹਾਂ ਦੀ ਕਮਿਊਨਿਟੀ ਦੀ ਮੁਲਾਕਾਤ ਕਰਨ ਬਾਰੇ ਪੁੱਛਿਆ, ਤਾਂ ਵਰਤੋਂ ਕਰਨ ਵਾਲੇ 7 ਮੈਂਬਰਾਂ ਨੇ ਹਾਂ 'ਚ ਜਵਾਬ ਦਿੱਤਾ ਅਤੇ 4 ਜਣਿਆਂ ਨੇ ਰਾਬਤਾ ਕਰਨ ਦਾ ਵੇਰਵਾ ਦਿੱਤਾ। ਹੋਰਨਾਂ ਸਿਫ਼ਾਰਿਸ਼ਾਂ 'ਚ ਸ਼ਾਮਿਲ ਸੀ ਇਸ਼ਤਿਹਾਰ ਦੇਣਾ, ਗਿਰਜਾ ਘਰ ਅਤੇ ਕਮਿਊ-ਨਿਟੀ ਸੈਂਟਰਾਂ ਦੀ ਮੁਲਾਕਾਤ ਕਰਨਾ ਅਤੇ ਸਾਡੇ ਵਲੋਂ ਉਨ੍ਹਾਂ ਦੀ ਕਮਿਊਨਿਟੀ ਦੇ ਨਾਲ ਗੱਲਬਾਤ ਕਰਨਾ।

ਇਸ ਦੇ ਨਤੀਜੇ ਵਜੋਂ ਰਾਬਤਾ ਕਰਨ ਦਾ ਵੇਰਵਾ ਉਨ੍ਹਾਂ ਲੋਕਾਂ ਨੂੰ ਦਿੱਤਾ ਗਿਆ ਜੋ ਕਿ ਭੱਵਿਖੀ ਸਲਾਹ-ਮਸ਼ਵਰੇ ਦੇ ਸਮੂਹਾਂ 'ਚ ਹਾਜ਼ਿਰ ਹੋਣਾ ਚਾਹੁੰਦੇ ਸੀ ਅਤੇ ਰਾਬਤਾ ਕਰਨ ਦਾ ਵੇਰਵਾ ਉਨ੍ਹਾਂ ਲੋਕਾਂ ਨੂੰ ਜੋ ਕਿ ਸਾਡੇ ਸੇਵਾ 'ਚ ਵਾਧਾ ਕਰਨਾ ਚਾਹੁੰਦੇ ਹਨ।

ਆਰਥਿਕ ਹਾਲਾਤਾਂ 'ਚ ਤਬਦੀਲੀ

ਜੇਕਰ ਤੁਸੀਂ ਵਾੱਰਡਨ ਸਰਵਿਸ ਪ੍ਰਾਪਤ ਕਰ ਰਹੇ ਹੋ ਅਤੇ ਤੁਹਾਡੀ ਆਰਥਿਕ ਹਾਲਾਤ 'ਚ ਤਬਦੀਲੀ ਹੋਈ ਹੈ, ਤਾਂ ਇਹ ਜਰੂਰੀ ਹੈ ਕਿ ਤੁਹਾਨੂੰ ਆਪਣੇ ਵਾੱਰਡਨ ਨੂੰ ਮੌਕਾ ਮਿਲਦੇ ਹੀ ਛੇਤੀਂ ਦੱਸਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੀ ਦੇਰੀ ਦੇ ਨਤੀਜੇ ਵਜੋਂ ਸਪੋਰਟਿੰਗ ਪੀਪਲ ਗ੍ਰਾਂਟ ਰਾਹੀਂ ਵਾੱਰਡਨ ਅਤੇ ਕਮਿਊਨਿਟੀ ਅਲਾਰਮਸ ਸਰਵਿਸ ਲਈ ਦਿੱਤੀ ਜਾਂਦੀ ਸਹਾਇਤਾ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

ਜੇਕਰ ਤੁਸੀਂ ਬੈਨਿਫ਼ਿਟ ਲਈ ਅਰਜੀ ਕੀਤੀ ਹੈ ਅਤੇ ਇਸ ਦੇ ਜਵਾਬ ਦੀ ਉਡੀਕ 'ਚ ਹੋ, ਤਾਂ ਕ੍ਰਿਪਾ ਕਰਕੇ ਆਪਣੇ ਵਾੱਰਡਨ ਨੂੰ ਇਸ ਬਾਰੇ ਦਸੋ ਤਾਕਿ ਇਹ ਪੱਕਾ ਕਰਨ ਲਈ ਫ਼ਾੱਰਮ ਨੂੰ ਪੂਰੀ ਤਰ੍ਹਾਂ ਭਰਿਆ ਜਾਵੇ ਕਿ ਜੇਕਰ ਤੁਹਾਨੂੰ ਸਫ਼ਲਤਾ ਮਿਲਦੀ ਹੈ, ਤਾਂ ਤੁਸੀਂ ਜਿਹੜੀ ਤਾਰੀਖ਼ ਤੋਂ ਬੈਨਿਫ਼ਿਟ ਲਈ ਅਰਜੀ ਕੀਤੀ ਹੈ ਉਸ ਤਾਰੀਖ਼ ਤੋਂ ਸਪੋਰਟਿੰਗ ਪੀਪਲ ਰਾਹੀਂ ਤੁਹਾਡੀ ਅਦਾਇਗੀ ਸੁਰਖਿਅਤ ਕੀਤੀ ਜਾਵੇ।

ਕਿਸੇ ਵੀ ਤਰ੍ਹਾਂ ਦੀ ਦੇਰੀ ਦਾ ਮਤਲਬ ਇਹ ਹੋਵੇਗਾ ਕਿ ਕਮਿਊਨਿਟੀ ਅਲਾਰਮਸ ਅਤੇ ਵਾੱਰਡਨ ਸਰਵਿਸ ਲਈ ਹਾਊਸਿੰਗ ਬੈਨਿਫ਼ਿਟ ਲਈ ਤੁਹਾਡੀ ਕੀਤੀ ਜਾਂਦੀ ਅਰਜੀ ਦੀ ਤਾਰੀਖ਼ ਤੋਂ ਸਪੋਰਟਿੰਗ ਪੀਪਲ ਰਾਹੀਂ ਫ਼ੰਡਿੰਗ ਲਈ ਤੁਸੀਂ ਆਪਣਾ ਹੱਕ ਗੁਆ ਦੇਵੋਗੇ।

ਜੇਕਰ ਤੁਸੀਂ ਕਮਿਊਨਿਟੀ ਅਲਾਰਮਸ ਸਰਵਿਸ ਪ੍ਰਾਪਤ ਕਰਦੇ ਹੋ, ਤਾਂ ਇਹ ਸਿਰਫ਼ ਉਨ੍ਹਾਂ ਪ੍ਰਯੋਗ ਕਰਨ ਵਾਲਿਆਂ ਨੂੰ ਲਾਗੂ ਨਹੀਂ ਹੁੰਦਾ ਜਿਹੜੇ ਕਿ ਅਪ੍ਰੈਲ 2006 ਤੋਂ **ਪਹਿਲਾਂ** ਮੈਂਬਰ ਬਣੇ ਹਨ, ਜਿਹੜੇ ਲੋਕੀ ਕੌਂਸਿਲ ਦੇ ਘਰਾਂ 'ਚ ਰਹਿੰਦੇ ਹਨ ਅਤੇ ਹਾਊਸਿੰਗ ਬੈਨਿਜ਼ਿਟ ਪ੍ਰਾਪਤ ਕਰਦੇ ਹਨ, ਤਾਂ ਉਹ ਸਪੋਰਟਿੰਗ ਪੀਪਲ ਰਾਹੀਂ ਫ਼ੰਡਿੰਗ ਲਈ ਅਰਜੀ ਕਰ ਸਕਦੇ ਹੋ।

ਤੁਹਾਨੂੰ ਆਪਣੇ ਕਮਿਊਨਿਟੀ ਅਲਾਰਮ ਸਰਵਿਸ ਦੀ ਅਦਾਇਗੀ ਲਈ ਮਦਦ ਦੀ ਲੋੜ ਹੈ... ਤੁਹਾਨੂੰ ਆਰਥਿਕ ਮੁਲੰਕਣ ਦਾ ਅਧਿਕਾਰ ਹੋ ਸਕਦਾ ਹੈ ... ਇਸ ਵਿਚ ਤੁਹਾਡੀਆਂ ਲੋੜਾਂ ਦਾ ਮੁਲੰਕਣ ਕਰਨ ਦੀ ਲੋੜ ਹੋਵੇਗੀ ਅਤੇ ਜੇਕਰ ਸਾਮਾਜਿਕ ਸੰਮਿਲਨ ਰਾਹੀਂ ਫ਼ੰਡਿੰਗ ਪ੍ਰਦਾਨ ਕੀਤੀ ਜਾਂਦੀ ਹੈ...ਤਾਂ ਹੁਣ ਦਿੱਤੀ ਜਾਂਦੀ ਫ਼ੰਡਿੰਗ ਸਿਰਫ਼ ਤਾਂਹੀ ਉਪਲਬਧ ਹੋਵੇਗੀ ਜੇਕਰ ਤੁਹਾਡੀ ਬਚਤ £1200 ਤੋਂ ਘੱਟ ਹੈ ... ਵੇਰਵੇ ਲਈ ਕਮਿਊਨਿਟੀ ਅਲਾਰਮ ਦੇ ਨਾਲ ਰਾਬਤਾ ਕਰੋ।

ਕਮਿਊਨਿਟੀ ਅਲਾੱਰਮਸ ਲਈ ਸੇਵਾ ਦੀ ਮਾਨਤਾ

ਟੈਲੀਕੇਅਰ ਕਾੱਲ ਹੈਂਡਲਿੰਗ ਆਪਰੇਸ਼ਨ, ਟੈਲੀਕੇਅਰ ਇਨੱਸਟਾਲੇਸ਼ਨ ਆਪਰੇਸ਼ਨਲ ਰਿਕਵਾਇਰਮੈਂਟਸ ਅਤੇ ਮੋਬਾਈਲ ਰਿਸਪੋਨਸ ਆਪਰੇਸ਼ਨਲ ਰਿਕਵਾਇਰਮੈਂਟਸ ਲਈ ਮਾਨਤਾ ਪ੍ਰਾਪਤ ਵਾਲੀ ਟੈਲੀਕੇਅਰ ਅਸੋਸੀਏਸ਼ਨ (ਇਸ ਤੋਂ ਪਹਿਲਾਂ ਅਸੋਸੀਏਸ਼ਨ ਆੱਫ਼ ਸੋਸ਼ਲ ਅਲਾਰਮ ਪ੍ਰੋਵਾਇਡਰਸ) ਤੋਂ ਸੈਂਡਵੈੱਲ ਕਮਿਊਨਿਟੀ ਅਲਾਰਮਸ ਨੂੰ ਰਾਸ਼ਟ੍ਰੀ ਮਾਨਤਾ ਪ੍ਰਾਪਤ ਹੋਈ ਹੈ। ਕੋਡ ਆੱਫ਼ ਪ੍ਰੈਕਟਿਸ ਦੇ ਹਿੱਸਾ 1 ਲਈ ਦਿਸੰਬਰ 2005 'ਚ ਪ੍ਰਾਪਤ ਹੋਈ ਸਫ਼ਲਤਾ ਤੋਂ ਬਾਅਦ, ਲਗਾਉਣ ਲਈ ਅਤੇ ਮੋਬਾਈਲ ਰਿਸਪੋਨਸ ਲਈ ਹਿੱਸਾ 2 ਅਤੇ 3 ਲਈ ਸਿਤੰਬਰ 'ਚ ਅਸੀਂ ਲੇਖਾ-ਪੜਤਾਲ ਕੀਤਾ ਸੀ।

ਸਟਾਨਡਰਡ ਇਹ ਕਮਿਊਨਿਟੀ 'ਚ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਨ ਲਈ ਸਰਕਾਰ ਦਾ ਨਿਸ਼ਚਿਤ ਨਿਸ਼ਾਨ ਹੈ ਅਤੇ ਸਪੋਰਟਿੰਗ ਪੀਪਲ ਪ੍ਰੋਗ੍ਰਾਮ ਲਈ ਢਾਂਚੇ ਦੀ ਤੌਰ 'ਤੇ ਸਰਕਾਰ ਰਾਹੀਂ ਮਾਨਤਾ ਪ੍ਰਾਪਤ ਹੈ।

ਟੈਲੀਕੇਅਰ ਸਰਵਿਸ ਅਸੋਸੀਏਸ਼ਨ ਕੋਡ ਆੱਫ਼ ਪ੍ਰੈਕਟਿਸ ਇਹ ਸੁੰਤਤਰ ਤੌਰ 'ਤੇ ਮਾਰਗਦਰਸ਼ਤ, ਨਿਰੀਖਤ ਅਤੇ ਜਾਂਚ-ਪੜਤਾਲ ਕੀਤਾ ਕਰੜਾ ਅਤੇ ਮਜ਼ਬੂਤ ਸਮੂਹ ਹੈ।

ਸੈਂਡਵੈੱਲ ਦੀ ਕਾਨੂੰਨੀ ਪ੍ਰਾਪਤ ਮਾਨਤਾ ਦਾ ਲਾਭ ਕਿਰਾਏਦਾਰਾਂ ਅਤੇ ਸੇਵਾ ਦੀ ਵਰਤੋਂ ਕਰਨ ਵਾਲੇ ਨੂੰ ਉੱਚ ਸਤੱਰ ਦੀ ਸੇਵਾ ਪ੍ਰਦਾਨ ਕਰਨ ਅਤੇ ਸੇਵਾ ਦੀ ਪ੍ਰਦਾਨਤਾ 'ਚ ਲਗਾਤਾਰ ਸੁਧਾਰ ਕਰਨ ਦੀ ਸਪਸ਼ਟਤਾ ਰਾਹੀਂ ਹੁੰਦਾ ਹੈ।

ਚੌਵੀ ਘੰਟੇ ਸਾਡੀ ਸਹਾਇਤਾ ਸਾਡੀ ਸੇਵਾ ਦੀ ਵਰਤੋਂ ਕਰਨ ਵਾਲੇ ਮੈਂਬਰਾਂ ਲਈ ਪੂਰੀ ਉਮਰ ਦਾ ਪ੍ਰਬੰਧ ਹੈ।

ਸ਼ੈਲਟਰਡ ਅਤੇ ਸਪੋਰਟਿਡ ਹਾਊਸਿੰਗ 'ਚ ਕੋਡ ਆੱਫ਼ ਪ੍ਰੈਕਟਿਸ ਦੀ ਪ੍ਰਾਪਤ ਮਾਨਤਾ ਲਈ ਅਸੀਂ ਹੁਣ ਸੀਐੱਸਐੱਚਐੱਸ (ਸੈਂਟਰ ਫ਼ਾੱਰ ਸ਼ੈਲਟਰਡ ਹਾਊਸਿੰਗ ਸਟਡੀਜ਼) ਲਈ ਅਰਜੀ ਕਰਨ ਦੀ ਤਿਆਰੀ ਕਰ ਰਹੇ ਹਾਂ। ਅਸੀਂ ਯੋਗ ਸੇਵਾ 'ਚ ਵਾਧਾ ਕਰ ਰਹੇ ਹਾਂ ਇਸ ਨੂੰ ਯਕੀਨੀ ਕਰਨ ਲਈ ਸਾਡਾ ਕਨਸਲਟੇਸ਼ਨ ਗਰੂਪ ਬਣਾਉਣ ਲਈ ਸਾਨੂੰ ਵਲੰਟਰੀਆਂ ਦੀ ਲੋੜ ਹੈ। ਜੇਕਰ ਤੁਸੀਂ ਰੁਚੀ ਰੱਖਦੇ ਹੋ, ਤਾਂ ਆਪਣੇ ਵਾੱਰਡਨ ਨੂੰ ਦਸੋ।

ਟੈਲੀਫ਼ੋਨ ਦਾ ਜਵਾਬ ਦੇਣ ਦਾ ਸਮਾਂ

ਅਸੀਂ ਤੁਹਾਡੇ ਟੈਲੀਫ਼ੋਨਾਂ ਦਾ ਜਵਾਬ ਛੇਤੀਂ ਦਿੰਦੇ ਹਾਂ ਇਸ ਨੂੰ ਯਕੀਨੀ ਕਰਨ ਦੀ ਸਾਡੀ ਵਚਨਬਧੱਤਾ ਦੇ ਹਿੱਸੇ ਦੀ ਤੌਰ 'ਤੇ, ਕਮਿਊ-ਨਿਟੀ ਅਲਾੱਰਮਸ ਰਾਹੀਂ ਸਹਾਇਤਾ ਲਈ ਤੁਹਾਡੇ ਟੈਲੀਫ਼ੋਨ ਦਾ ਜਵਾਬ ਦੇਣ ਦੇ ਸਮੇਂ ਦਾ ਨਿਰੀਖਣ ਕੀਤਾ ਜਾਂਦਾ ਹੈ।

98% ਟੈਲੀਫ਼ੋਨ ਕਾੱਲਾਂ ਦਾ ਜਵਾਬ 60 ਸਕਿੰਟਾਂ 'ਚ ਦਿੱਤਾ ਗਿਆ

93% ਟੈਲੀਫ਼ੋਨ ਕਾੱਲਾਂ ਦਾ ਜਵਾਬ 30 ਸਕਿੰਟਾਂ 'ਚ ਦਿੱਤਾ ਗਿਆ

ਆਪਣੀ ਕਾਰਵਾਈ ਅਤੇ ਨੀਤੀਆਂ ਬਾਰੇ ਜਾਣਕਾਰੀ

- **ਵਲਨਰੇਬਲ ਐਡਲਟਸ ਪ੍ਰੋਟੈਕਸ਼ਨ ਪਾੱਲਿਸੀ**
- **ਡਿਸੇਬਿਲਿਟੀ ਡਿਸਕ੍ਰਿਮਿਨੇਸ਼ਨ ਐਕਟ 1995**
- **ਇੱਕਵਲ ਅੱਪਰਚਿਊਨਿਟੀਜ਼ ਪਾੱਲਿਸੀ**
- **ਫ਼ੇਅਰ ਐਕਸੈਸ ਟੂ ਕੇਅਰ ਸਰਵਿਸੀਜ਼ ਪਾੱਲਿਸੀ**
- **ਬਿਲਡਿੰਗ ਟੈਲੀਕੇਅਰ ਇਨ ਇੰਗਲੈਂਡ (ਡੀਐੱਚ) 2005**
- **ਸਟ੍ਰੈਟਿਜੀ ਫ਼ਾੱਰ ਪੀਪਲ ਅੱਵਰ ਫ਼ਿਫ਼ਟੀ (ਪੰਜ੍ਹਾ ਸਾਲਾਂ ਤੋਂ ਵੱਡੀ ਉਮਰ ਦੇ ਲੋਕਾਂ ਲਈ ਯੋਜਨਾਵਾਂ) 2006-2010**

ਜੇਕਰ ਤੁਹਨੂੰ ਇਨ੍ਹਾਂ ਕਿਸੇ ਵੀ ਬਾਰੇ ਹੋਰ ਜ਼ਿਆਦਾ ਜਾਣਕਾਰੀ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਹੋਰ ਜ਼ਿਆਦਾ ਜਾਣਕਾਰੀ ਲਈ ਕਮਿਊਨਿਟੀ ਅਲਾਰਮਸ ਜਾਂ ਸੈਂਡਵੈਲ ਐੱਮਬੀਐੱਸ ਦੇ ਨਾਲ ਰਾਬਤਾ ਕਰੋ।

ਜੇਕਰ ਤੁਸੀਂ ਇਸ ਸਮਾਚਾਰਪੱਤਰ ਦੇ ਕਿਸੇ ਵੀ ਵਿਸ਼ੈ ਨੂੰ ਸਮਝ ਨਹੀਂ ਸਕਦੇ ਹੋ ਅਤੇ ਇਸ ਦਾ ਅਨੁਵਾਦ ਕਰਨ ਲਈ ਤੁਸੀਂ ਕਿਸੇ ਵਿਅਕਤੀ ਨੂੰ ਨਹੀਂ ਜਾਣਦੇ ਹੋ, ਤਾਂ ਅਸੀਂ ਛੇਤੀਂ ਤੋਂ ਛੇਤੀਂ ਤੁਹਾਡੇ ਲਈ ਅਨੁਵਾਦ ਕੀਤੀ ਕਾੱਪੀ ਭੇਜਾਂਗੇ। ਵੇਰਵੇ ਲਈ ਟੈਲੀਫ਼ੋਨ ਨੰਬਰ 0121 525 4290 'ਤੇ ਫ਼ੋਨ ਕਰੋ।